# ਮਾਁ ਮੈਨੁ ਤੇਰੀ ਜਰੂਰਤ ਹੈ (ਪੰਜਾਬੀ ਮੇਂ)

ਮਾਂ,,, ਮੈਨੂੰ ਤੇਰੀ ਜ਼ਰੂਰਤ ਹੈ ॥
( "ਮਾਂ,,, ਮੈਨੂੰ ਤੇਰੀ ਜ਼ਰੂਰਤ ਹੈ x॥" )
*"ਕਦੋਂ ਪਾਏਂਗੀ ਮੇਰੇ ਘਰ ਫੇਰਾ" ।
ਤੇਰੇ ਬਿਨ, ਜੀ ਨਹੀਂ ਲੱਗਦਾ ਮੇਰਾ,
ਮਾਂ,,, ਮੈਨੂੰ ਤੇਰੀ ਜ਼ਰੂਰਤ ਹੈ ॥
( "ਮਾਂ,,, ਮੈਨੂੰ ਤੇਰੀ ਜ਼ਰੂਰਤ ਹੈ x॥" )

ਤੇਰੇ ਬਿਨਾਂ ਮਾਂਏਂ ਇੱਕ, ਪਲ ਵੀ ਨੀ ਲੰਘਦਾ,
"ਦੱਸ ਕਿਵੇਂ ਜਿੰਦਗੀ ਗੁਜ਼ਾਰੀਏ' ।
ਜਦੋਂ ਮੇਰੇ ਸਿਰ ਉੱਤੋਂ, ਪਾਣੀ ਮਾਂਏਂ ਲੰਘਿਆ,
"ਉਦੋਂ ਤੈਨੂੰ ਆਵਾਜ਼ ਅਸੀਂ ਮਾਰੀਏ" ।
ਨੀ ਮਾਂ,,, ਮੈਨੂੰ ਤੇਰੀ ਜ਼ਰੂਰਤ ਹੈ ।
*"ਮੈਨੂੰ ਪਾਇਆ ਦੁੱਖਾਂ ਨੇ ਘੇਰਾ" ।
ਤੇਰੇ ਬਿਨ, ਜੀ ਨਹੀਂ ਲੱਗਦਾ ਮੇਰਾ,
( "ਮਾਂ,,, ਮੈਨੂੰ ਤੇਰੀ ਜ਼ਰੂਰਤ ਹੈ x॥" )

ਇੰਝ ਲੱਗਦਾ ਏ ਜਿਵੇਂ, ਜਨਮਾਂ ਤੋਂ ਅੰਮੀਏ ਨੀ,
"ਅੱਖੀਆਂ ਨੇ ਮੇਰੀਆਂ ਪਿਆਸੀਆਂ" ।
ਇੱਕ ਵਾਰੀ ਮਿਲ ਕੇ ਤੇ, ਹਾਲ ਸਾਡਾ ਪੁੱਛ ਲਓ,
"ਮਿੱਟ ਜਾਣ ਸਾਡੀਆਂ ਉਦਾਸੀਆਂ" ।
ਨੀ ਮਾਂ,,, ਮੈਨੂੰ ਤੇਰੀ ਜ਼ਰੂਰਤ ਹੈ।
*"ਕਦੋਂ ਹੋਏਗਾ ਸੁੱਖਾਂ ਦਾ ਸਵੇਰਾ" ।
ਤੇਰੇ ਬਿਨ, ਜੀ ਨਹੀਂ ਲੱਗਦਾ ਮੇਰਾ,
( "ਮਾਂ,,, ਮੈਨੂੰ ਤੇਰੀ ਜ਼ਰੂਰਤ ਹੈ x॥" )

ਆਸਾਂ ਤੇ ਮੁਰਾਦਾਂ ਨਾਲ, ਸਭ ਦੀਆਂ ਝੋਲੀਆਂ ਤੂੰ,
"ਪਲ ਵਿੱਚ ਭਰੇ ਮਹਾਂਰਾਣੀਏ" ।
ਰੱਖੀਂ ਸਾਡੀ ਲਾਜ, ਕਦੇ ਕਰੀਂ ਨਾ ਮੁਹਤਾਜ਼ ,
"ਤੇਰਾ ਯੁਗਾਂ ਤੱਕ ਰਾਜ ਰਹੇ ਰਾਣੀਏ" ।
ਨੀ ਮਾਂ,,, ਮੈਨੂੰ ਤੇਰੀ ਜ਼ਰੂਰਤ ਹੈ ।
*"ਮੇਰੇ ਦਿਲ ਵਿੱਚ ਕਰੋ ਬਸੇਰਾ" ।
ਤੇਰੇ ਬਿਨ, ਜੀ ਨਹੀਂ ਲੱਗਦਾ ਮੇਰਾ,
( "ਮਾਂ,,, ਮੈਨੂੰ ਤੇਰੀ ਜ਼ਰੂਰਤ ਹੈ x॥" )

ਝੰਡੇਵਾਲੀਏ ਨੀ ਤੇਰੇ, ਦਰ ਤੇ ਜੋ ਝੁੱਕਿਆ,
"ਝੰਡੇ ਓਹਦੇ ਝੁੱਲਣ ਅਸਮਾਨ ਤੇ" ।
ਕਿਵੇਂ ਮੈਂ ਭੁਲਾਵਾਂ ਦਾਤੀ, ਤੇਰੀ ਮੇਹਰਬਾਨੀਆਂ ਨੂੰ,
"ਕੀਤੀਆਂ ਜੋ ਮੇਰੇ ਜੇਹੇ ਨਾਦਾਨ ਤੇ" ।
ਨੀ ਮਾਂ,,, ਮੈਨੂੰ ਤੇਰੀ ਜ਼ਰੂਰਤ ਹੈ ।
*"ਮੈਂ ਚੰਚਲ ਬਾਲ ਹਾਂ ਤੇਰਾ" ।
ਤੇਰੇ ਬਿਨ, ਜੀ ਨਹੀਂ ਲੱਗਦਾ ਮੇਰਾ,
( "ਮਾਂ,,, ਮੈਨੂੰ ਤੇਰੀ ਜ਼ਰੂਰਤ ਹੈ x॥" )

ਅਪਲੋਡਰ- ਅਨਿਲਰਾਮੂਰਤੀਭੋਪਾਲ

स्वर : नरेन्द्र चंचल

https://bhajanganga.com/bhajan/lyrics/id/23034/title/Maa-mainu-teri-jarurat-hai--punjabi-version-

अपने Android मोबाइल पर BhajanGanga App डाउनलोड करें और भजनों का आनंद ले |